ਆਰਬੀਆਈ/2016-17/41

ਡੀਸੀਐਮ(Plg) ਨੰ.1351/10.27.00/2016-17 ਅਗਸਤ 25, 2016

ਚੇਅਰਮੈਨ/ਮੈਨੇਜਿੰਗ ਡਾਇਰੈਕਟਰ/ਮੁੱਖ ਕਾਰਜਕਾਰੀ ਅਧਿਕਾਰੀ,

ਸ਼ੈਡਯੂਲਡ ਵਪਾਰਕ ਬੈਂਕਾਂ

(ਖੇਤਰੀ ਗ੍ਰਾਮੀਣ ਬੈਂਕਾਂ ਨੂੰ ਛੱਡ ਕੇ )

ਮੈਡਮ/ਸ਼੍ਰੀ ਮਾਨ ਜੀ,

ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ- MOA ਅਤੇ FWA ਦੇ ਫਸਲ ਬੀਮਾ ਪੋਰਟਲ ਵਿੱਚ ਬੈਂਕ ਸ਼ਾਖਾਵਣ ਦੁਆਰਾ ਡਾਟਾ ਨਾ ਫੀਡ ਕੀਤਾ ਜਾਣਾ

ਕਿਰਪਾ ਸਰਕੂਲਰ FIDD.No.FSD.BC20/05.10.007/2015-16 ਮਿਤੀ ਮਾਰਚ 17, 2016 ਨੂੰ ਵੇਖੋ, ਜਿਸ ਵਿੱਚ ਯੋਜਨਾ ਅਧੀਨ ਪ੍ਰਭਾਸ਼ਿਤ ਉੱਦੇਸ਼ ਅਤੇ ਪੱਕੇ ਟੀਚੇ ਨੂੰ ਪ੍ਰਾਪਤ ਕਰਨ ਲਈ ਇਹ ਸਲਾਹ ਦਿਤੀ ਗਈ ਹੈ ਕਿ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਦੇ ਪ੍ਰਬੰਧ ਦੀ ਸਖਤੀ ਨਾਲ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਅਤੇ ਪ੍ਰਭਾਸ਼ਿਤ ਕਰਜ਼ਦਾਰ ਕਿਸਾਨਾਂ ਦੇ ਨਾਲ-ਨਾਲ ਚੰਗੇ ਨੰਬਰ ਦੇ ਗੈਰ-ਕਰਜ਼ਦਾਰ ਕਿਸਾਨਾਂ ਦੀ 100% ਕਵਰੇਜ ਨੂੰ ਯਕੀਨੀ ਬਣਾਇਆ ਜਾਵੇ।

2. ਭਾਰਤ ਸਰਕਾਰ ਦੀ PMFBY ਕੰਮ ਦਿਸ਼ਾ ਅਨੁਸਾਰ ਬੈਂਕਾਂ ਤੋਂ ਸਾਰੇ ਕਰਜ਼ਦਾਰ ਕਿਸਾਨਾਂ ਅਤੇ ਗੈਰ-ਕਰਜ਼ਦਾਰ ਕਿਸਾਨਾਂ ਜਿਨਾ ਨੇ ਬ੍ਰਾਂਚਾਂ ਦੁਆਰਾ ਫਸਲ ਬੀਮਾ ਲਿਆ ਹੈ ਦੀ ਜ਼ਮੀਨ ਅਤੇ ਫਸਲ ਦਾ ਵੇਰਵਾ ਸਮੇਤ ਸਾਰਾ ਸੰਬੰਧਤ ਡਾਟਾ ਹਾਸਲ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

3. ਖੇਤੀ ਅਤੇ ਕਿਸਾਨ ਭਲਾਈ ਮੰਤਰਾਲੇ ਨੇ ਸਾਰੇ ਬੈਂਕਾਂ ਨੂੰ ਫਸਲ ਬੀਮਾ ਲਈ ਯੁਨਿਫ਼ਾਈਡ ਪੋਰਟਲ ਤੇ ਕਿਸਾਨਾਂ ਦਾ ਵੇਰਵਾ ਦੇਣ ਦੀ ਸਲਾਹ ਦਿਤੀ ਹੈ, ਜੋ ਕਿ www.agri-insurance.gov.in ਤੇ ਉਪਲਬਧ ਹੈ। ਇਹ ਸਾਡੇ ਧਿਆਨ ਵਿੱਚ ਲਿਆਈਆ ਗਿਆ ਹੈ ਕਿ ਪੋਰਟਲ ਵਿੱਚ ਇੰਦਰਾਜ਼ ਬੈਂਕ ਸ਼ਾਖਾਵਾਂ ਦੁਆਰਾ ਨਹੀਂ ਕੀਤੀਆਂ ਜਾ ਰਹੀਆਂ ਹਨ। ਨਤੀਜਾ ਇਹ ਹੈ ਕਿ MoA&FW, ਰਾਜ ਸਰਕਾਰ ਆਦਿ ਕੋਈ ਵੀ ਡਾਟਾ ਜੋ ਫਸਲ ਬੀਮਾ, ਪ੍ਰੀਮਿਯਮ ਦੀ ਕਟੌਤੀ ਆਦਿ ਦੇ ਕਵਰੇਜ ਦੇ ਨਿਰਧਾਰਨ ਵਿੱਚ ਮੁਸ਼ਕਲ ਪੈਦਾ ਕਰਦਾ ਹੈ ਨੂੰ ਲਭਣ ਵਿੱਚ ਯੋਗ ਨਹੀਂ ਹੈ। ਇਸ ਲਈ ਤੁਹਾਨੂੰ ਆਪਣੀ ਬ੍ਰਾਂਚਾਂ ਨੂੰ ਸੰਬੰਧਤ ਡਾਟਾ ਪੋਰਟਲ ਵਿੱਚ ਫੀਡ ਕਰਨ ਦੇ ਜਰੂਰੀ ਨਿਰਦੇਸ਼ ਛੇਤੀ ਜਾਰੀ ਕਰਨ ਦੀ ਸਲਾਹ ਦਿਤੀ ਜਾਂਦੀ ਹੈ ।

ਆਪ ਦਾ ਵਿਸ਼ਵਾਸਪਤਰ

(ਉਮਾ ਸ਼ੰਕਰ)

ਮੁੱਖ ਮਹਾਪ੍ਰਬੰਧਕ